# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ

**ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)**

**ਫੇਸ 3ਬੀ-1, ਐਸ.ਏ.ਐਸ ਨਗਰ।**

---

ਨੰ: 1/5-2020-ਭ.ਡ(5)/2021180093 ਮਿਤੀ, ਐਸ.ਏ.ਐਸ ਨਗਰ : 04-06-2021

## <u>ਪਬਲਿਕ ਨੋਟਿਸ</u>

ਮੈਰੀਟੋਰੀਅਸ ਸੁਸਾਇਟੀ ਅਧੀਨ ਮੈਰੀਟੋਰੀਅਸ ਸਕੂਲਾਂ ਵਿੱਚ ਮਿਤੀ 09-10-2020 ਨੂੰ ਵੱਖ ਵੱਖ ਵਿਸ਼ਿਆਂ ਦੇ 21 ਲੈਕਚਰਾਰ ਅਤੇ 13 ਡੀ.ਪੀ.ਈ.ਮਾਸਟਰਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਵਿਗਿਆਪਨ ਦਿੱਤਾ ਗਿਆ ਸੀ। ਮੈਰੀਟੋਰੀਅਸ ਸੁਸਾਇਟੀ ਵਲੋਂ ਸੋਧ ਪੱਤਰ ਜਾਰੀ ਕਰਕੇ ਵੱਖ ਵੱਖ ਵਿਸ਼ਿਆਂ ਦੇ 67 ਲੈਕਚਰਾਰ ਅਤੇ 13 ਡੀ.ਪੀ.ਈ.ਮਾਸਟਰਾਂ ਦੀਆਂ ਪੋਸਟਾਂ ਵਿੱਚ ਵਾਧਾ ਕੀਤਾ ਗਿਆ ਸੀ। ਇਸ ਸਬੰਧੀ ਵਿਭਾਗ ਵਲੋਂ ਮਿਤੀ 11-04-2021 ਨੂੰ ਲੈਕਚਰਾਰ ਬਾਇਓਲੋਜੀ, ਫਿਜਿਕਸ, ਮੈਥ, ਕਮਿਸਟਰੀ, ਪੰਜਾਬੀ, ਅੰਗਰੇਜੀ ਅਤੇ ਡੀ.ਪੀ.ਈ.ਮਾਸਟਰ ਵਿਸੇ ਦਾ ਲਿਖਤੀ ਪੇਪਰ ਲਿਆ ਗਿਆ ਸੀ। ਇਸ ਦਾ ਨਤੀਜਾ ਵਿਭਾਗ ਦੀ ਵੈਬਸਾਈਟ ਤੇ ਮਿਤੀ 28-05-2021 ਨੂੰ ਪਬਲਿਕ ਨੋਟਿਸ ਰਾਹੀਂ ਉਮੀਦਵਾਰਾਂ ਦੇ User ID ਅਕਾਊਂਟ ਵਿੱਚ ਭੇਜ ਦਿੱਤਾ ਗਿਆ ਸੀ। ਉਮੀਦਵਾਰਾਂ ਨੂੰ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਵਾਸਤੇ ਮਿਤੀ 03-06-2021 ਅਤੇ 04-06-2021 ਨੂੰ ਬੁਲਾਇਆ ਗਿਆ ਸੀ। ਉਹਨਾਂ ਵਿੱਚੋਂ ਕੁਝ ਉਮੀਦਵਾਰ ਗੈਰ ਹਾਜਰ ਹੋਏ ਗਏ ਹਨ, ਸਕਰੂਟਨੀ ਵਿੱਚੋਂ ਗੈਰ ਹਾਜਰ ਹੋਏ ਉਮੀਦਵਾਰਾ ਨੂੰ ਸਕਰੂਟਨੀ ਕਰਵਾਉਣ ਵਾਸਤੇ ਇੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ। ਗੈਰ ਹਾਜਰ ਹੋਏ ਉਮੀਦਵਾਰ ਮਿਤੀ 07-06-2021 ਨੂੰ ਅਸਲ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਵਾਸਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ) ਫੇਜ-3ਬੀ-1, ਐਸ.ਏ.ਐਸ ਨਗਰ ਵਿਖੇ ਸਵੇਰੇ 10.00 ਵਜੇ ਤੋਂ 03.00 ਵਜੇ ਤੱਕ ਬੁਲਾਇਆ ਜਾਂਦਾ ਹੈ। ਇਸ ਤੋਂ ਬਾਅਦ ਗੈਰ ਹਾਜਰ ਹੋਏ ਉਮੀਦਵਾਰਾਂ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।